


# 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਮੈਨਿਜੋਕੋਕਲ ਏ ਸੀ ਡਬਲਯੂ ਵਾਈ ਟੀਕਾਕਰਨ

## ਜ਼ਰੂਰੀ ਜਾਣਕਾਰੀ 2024

### ਸਕੂਲ ਦੇ ਟੀਕਾਕਰਨ ਲਈ ਆਨਲਾਈਨ ਸਹਿਮਤੀ ਉਪਲਬਧ ਹੈ

ਮਾਪੇ ਅਤੇ ਸਰਪ੍ਰਸਤ ਆਪਣੇ ਬੱਚੇ ਦੇ ਸਕੂਲ ਦੇ ਰੁਟੀਨ ਟੀਕਾਕਰਨ ਲਈ ਆਨਲਾਈਨ ਸਹਿਮਤੀ ਦੇ ਸਕਦੇ ਹਨ ਜਦੋਂ ਬੱਚੇ 10ਵੀਂ ਜਮਾਤ ਵਿੱਚ ਹੁੰਦੇ ਹਨ।

**ਤੁਹਾਨੂੰ ਚਾਹੀਦੇ ਹੋਣਗੇ:**

1. ਤੁਹਾਡੇ ਸਰਵਿਸ ਐਨ ਐਸ ਡਬਲਿਓ (your Service NSW) ਲਾਗ-ਇਨ ਵੇਰਵੇ
2. ਤੁਹਾਡੇ ਅਤੇ ਤੁਹਾਡੇ ਬੱਚੇ ਦੇ ਮੈਡੀਕੇਅਰ ਕਾਰਡ ਦੇ ਵੇਰਵੇ (ਜੇ ਤੁਹਾਡੇ ਦੋਵਾਂ ਕੋਲ ਇਹ ਹੈ)
3. ਤੁਹਾਡਾ ਬੱਚਾ 2024 ਵਿੱਚ ਕਿਹੜੇ ਸੈਕੰਡਰੀ ਸਕੂਲ ਵਿੱਚ ਜਾਵੇਗਾ, ਉਸ ਦੇ ਵੇਰਵੇ।

ਐਨ ਐਸ ਡਬਲਿਓ ਸਕੂਲ ਟੀਕਾਕਰਨ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ health.nsw.gov.au/schoolvaccination ‘ਤੇ ਜਾਓ

ਆਨਲਾਈਨ ਸਹਿਮਤੀ ਪ੍ਰਦਾਨ ਕਰਨ ਲਈ https://engage.health.nsw.gov.au/engage ‘ਤੇ ਜਾਓ

**ਹੋਰ ਜਾਣਕਾਰੀ:**

NSW Health

Punjabi

# ਮੈਨਿਨਗੋਕੋਕਲ ਐ ਸੀ ਡਬਲਯੂ ਵਾਈ (ਮੈਨਿਨਜਾਈਟਸ) ਟੀਕਾਕਰਨ

Meningococcal ACWY vaccination

## ਮਾਪਿਆਂ ਦੀ ਜਾਣਕਾਰੀ ਲਈ ਸ਼ੀਟ

**ਐਨ ਐਸ ਡਬਲਯੂ ਹੈਲਥ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਟੀਕਿਆਂ, ਜਿਹਨਾਂ ਦੀ ਸਿਫ਼ਾਰਸ਼ ਨੈਸ਼ਨਲ ਹੈਲਥ ਅਤੇ ਮੈਡੀਕਲ ਰਿਸਰਚ ਕੌਂਸਲ ਸਕੂਲ ਟੀਕਾਕਰਨ ਪ੍ਰੋਗਰਾਮ ਵਿੱਚ ਨੌਜਵਾਨਾਂ ਲਈ ਕੀਤੀ ਗਈ ਹੈ, ਦੀ ਪੇਸ਼ਕਸ ਕਰਦਾ ਹੈ। ਟੀਕੇ ਲਈ ਮਾਪਿਆਂ / ਰੱਖਵਾਲੇ ਦੀ ਦਸਤਖ਼ਤ ਸਹਿਤ ਰਜ਼ਾਮੰਦੀ ਜਰੂਰੀ ਹੈ।**

**ਤੁਹਾਡੇ ਅਗਲੇਰੇ ਕਦਮ:**

- **ਇਸ ਜਾਣਕਾਰੀ ਵਾਲੇ ਪੱਤਰੇ ਨੂੰ ਧਿਆਨ ਨਾਲ ਪੜ੍ਹੋ।**
- **ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਨੂੰ ਮੈਨਿਜੋਕੋਕਲ ਏ ਸੀ ਡਬਲਯੂ ਵਾਈ ਦਾ ਟੀਕਾ ਲਗਾਇਆ ਜਾਵੇ ਤਾਂ ਕਿਰਪਾ ਕਰਕੇ ਆਪਣੀ ਸਹਿਮਤੀ ਆਨਲਾਈਨ ਦਿਓ ਜਾਂ ਆਪਣੇ ਸਕੂਲ ਤੋਂ ਕਾਗਜ਼ੀ ਸਹਿਮਤੀ ਫਾਰਮ ਵਾਸਤੇ ਬੇਨਤੀ ਕਰੋ।**
- **ਜੇਕਰ ਤੁਸੀਂ ਆਪਣੇ ਬੱਚੇ ਨੂੰ ਮੈਨਿਜੋਕੋਕਲ ਏ ਸੀ ਡਬਲਯੂ ਵਾਈ ਦਾ ਟੀਕਾ ਨਹੀਂ ਲੱਗਵਾਉਣਾ ਚਾਹੁੰਦੇ, ਤਾਂ ਰਜ਼ਾਮੰਦੀ ਫ਼ਾਰਮ ਨੂੰ ਨਾਂ ਭਰੋ ਅਤੇ ਨਾਂ ਹੀ ਵਾਪਸ ਕਰੋ।**

### ਸ: ਮੈਂ ਸਕੂਲ ਦੇ ਟੀਕਾਕਰਨ ਲਈ ਸਹਿਮਤੀ ਕਿਵੇਂ ਦੇਵਾਂ ?

ਆਨਲਾਈਨ ਸਹਿਮਤੀ ਦੇਣ ਲਈ ਤੁਹਾਨੂੰ ਲੋੜ ਹੋਵੇਗੀ:

1. ਤੁਹਾਡੇ ਸਰਵਿਸ ਐਨ ਐਸ ਡਬਲਿਓ (your Service NSW) ਲਾਗ-ਇਨ ਵੇਰਵੇ
2. ਤੁਹਾਡੇ ਅਤੇ ਤੁਹਾਡੇ ਬੱਚੇ ਦੇ ਮੈਡੀਕੇਅਰ ਕਾਰਡ ਦੇ ਵੇਰਵੇ (ਜੇ ਤੁਹਾਡੇ ਦੋਵਾਂ ਕੋਲ ਇਹ ਹੈ)

- ਜੇਕਰ ਤੁਹਾਡੇ ਜਾਂ ਤੁਹਾਡੇ ਬੱਚੇ ਕੋਲ ਮੈਡੀਕੇਅਰ ਕਾਰਡ ਨਹੀਂ ਹੈ, ਤਾਂ ਵੀ ਕਾਗਜ਼ੀ ਸਹਿਮਤੀ ਫਾਰਮ (ਸਕੂਲਾਂ ਤੋਂ ਬੇਨਤੀ 'ਤੇ ਉਪਲਬਧ) ਦੀ ਬੇਨਤੀ ਕਰਕੇ ਸਹਿਮਤੀ ਦਿੱਤੀ ਜਾ ਸਕਦੀ ਹੈ।

### ਸ: ਕੀ ਮੈਂ ਸਹਿਮਤੀ ਵਾਪਸ ਲੈ ਸਕਦਾ ਹਾਂ ?

ਟੀਕਾਕਰਨ ਤੋਂ ਪਹਿਲਾਂ ਮਾਪੇ ਕਿਸੇ ਵੀ ਸਮੇਂ ਸਹਿਮਤੀ ਵਾਪਸ ਲੈ ਸਕਦੇ ਹਨ।

ਜਿੱਥੇ ਸਹਿਮਤੀ ਆਨਲਾਈਨ ਦਿੱਤੀ ਗਈ ਹੈ, ਕਿਰਪਾ ਕਰਕੇ ਸੁਰੱਖਿਅਤ ਐਨ ਐਸ ਡਬਲਿਓ ਹੈਲਥ ਆਨਲਾਈਨ ਸਹਿਮਤੀ ਪੋਰਟਲ ਵਿੱਚ ਲਾਗ-ਇਨ ਕਰੋ ਅਤੇ ਸਹਿਮਤੀ ਵਾਪਸ ਲੈਣ ਲਈ ਸੰਕੇਤਾਂ ਦੀ ਪਾਲਣਾ ਕਰੋ।

ਜਿੱਥੇ ਕਾਗਜ਼ੀ ਸਹਿਮਤੀ ਫਾਰਮ 'ਤੇ ਸਹਿਮਤੀ ਦਿੱਤੀ ਗਈ ਹੈ, ਕਿਰਪਾ ਕਰਕੇ ਵਿਦਿਆਰਥੀ ਦੇ ਨਾਮ, ਸਕੂਲ ਦੀ ਕਲਾਸ ਅਤੇ ਉਨ੍ਹਾਂ ਟੀਕਿਆਂ ਬਾਰੇ ਦੱਸਣ ਲਈ ਸਕੂਲ ਨੂੰ ਲਿਖੋ ਜਾਂ ਕਾਲ ਕਰੋ ਜਿਨ੍ਹਾਂ 'ਤੇ ਵਾਪਸ ਲਈ ਗਈ ਸਹਿਮਤੀ ਲਾਗੂ ਹੁੰਦੀ ਹੈ।

### ਸ: ਮੈਨਿਨਗੋਕੋਕਲ ਬਿਮਾਰੀ ਕੀ ਹੈ ?

ਮੈਨਿਨਗੋਕੋਕਲ ਇੱਕ ਬਹੁਤ ਹੀ ਦੁਰਲੱਭ ਬਿਮਾਰੀ ਹੈ ਪਰ ਇਹ ਬਹੁਤ ਹੀ ਗੰਭੀਰ ਲਾਗ ਹੈ ਜੋ ਕੀ ਆਮ ਤੋਰ ਤੇ ਮੈਨਿਨਜਾਈਟਸ (ਦਿਮਾਗ ਅਤੇ ਰੀੜ ਦੀ ਹੱਡੀ ਦੀ ਅੰਦਰਲੀ ਸੋਜ਼ਿਸ਼) ਅਤੇ/ਜਾਂ ਸੈਪਟੀਸੀਮੀਆ (ਖੂਨ ਜ਼ਹਰਿਲਾ ਹੋਣਾ) ਵਿੱਚ ਬਦਲ ਜਾਂਦਾ ਹੈ।

ਮੈਨਿਨਗੋਕੋਕਲ ਬਿਮਾਰੀ ਦੇ ਲੱਛਣ ਚਾਹੇ ਵਿਸ਼ੇਸ਼ ਨਾ ਹੋਣ ਪਰ ਇਸ ਵਿੱਚ ਅਚਾਨਕ ਬੁਖਾਰ ਹੋਣਾ, ਸਿਰ-ਦਰਦ, ਧੋਣ ਦਾ ਆਕੜਨਾ, ਜੋੜਾਂ ਦਾ ਦਰਦ, ਲਾਲ-ਜਾਮਨੀ ਚਟਾਕ ਜਾਂ ਰਗੜ ਦੇ ਧੱਫੜ, ਤੇਜ਼ ਰੋਸ਼ਨੀ ਨੂੰ ਨਾਪਸੰਦ ਕਰਨਾ, ਦਿੱਲ ਕੱਚਾ ਹੋਣਾ ਜਾਂ ਉੱਲਟੀ ਹੋਣਾ ਸ਼ਾਮਲ ਹੋ ਸਕਦਾ ਹੈ।

ਮੈਨਿਨਗੋਕੋਕਲ ਦੀ ਲਾਗ 10 ਪ੍ਰਤੀਸ਼ਤ ਮਰੀਜ਼ਾਂ ਲਈ ਘਾਤਕ ਹੈ ਅਤੇ ਉਚਿਤ ਰੋਗਾਣੂਨਾਸ਼ਕ ਇਲਾਜ਼ ਦੇ ਬਾਅਦ ਵੀ ਮਰੀਜ਼ ਲੰਬੀ-ਮਿਆਦ ਲਈ ਪਰੇਸ਼ਾਨਿਆਂ ਨਾਲ ਜੂੰਝਦਾ ਹੈ।

### ਸ: ਮੈਨਿਨਗੋਕੋਕਲ ਬਿਮਾਰੀ ਕਿਵੇਂ ਫੈਲਦੀ ਹੈ ?

ਮੈਨਿਨਗੋਕੋਕਲ ਦਾ ਜੀਵਾਣੂ ਲੋਕਾਂ ਵਿੱਚ ਨੱਕ ਅਤੇ ਗਲੇ ਦੇ ਪਿੱਛਲੇ ਪਾਸੇ ਦੇ ਥੁੱਕ ਰਾਹੀਂ ਫੈਲਦਾ ਹੈ। ਇਸ ਵਿੱਚ ਆਮ ਤੌਰ ਤੇ ਉਸ ਇਨਸਾਨ ਨਾਲ, ਜਿਸਨੂੰ ਲਾਗ ਲੱਗੀ ਹੈ ਅਤੇ ਜੋ ਆਮ ਤੌਰ ਤੇ ਪੂਰੀ ਤਰ੍ਹਾਂ ਠੀਕ ਹੈ, ਨਜ਼ਦੀਕੀ ਅਤੇ ਲੰਬਾ ਸੰਪਰਕ ਚਾਹੀਦਾ ਹੈ। 'ਨਜ਼ਦੀਕੀ ਅਤੇ ਲੰਬੇ ਸੰਪਰਕ' ਦੀ ਉਦਾਹਰਨ ਹੈ ਇਕੋ ਘਰ ਵਿੱਚ ਰਹਿਣਾ ਜਾਂ ਪ੍ਰੇਮ (ਡੂੰਘਾ) ਚੁੰਮਣ। ਮੈਨਿਨਗੋਕੋਕਲ ਦੇ ਜੀਵਾਣੂ ਇੱਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਅਸਾਨੀ ਨਾਲ ਨਹੀ ਫੈਲਦੇ ਅਤੇ ਜੀਵਾਣੂ ਮਨੁਖੀ ਸ਼ਰੀਰ ਤੋਂ ਬਾਹਰ ਬਹੁਤੀ ਦੇਰ ਜਿੰਦਾ ਨਹੀ ਰਿਹ ਸਕਦੇ।

### ਸ: ਟੀਕੇ ਕਿਵੇਂ ਕੰਮ ਕਰਦੇ ਹਨ ?

ਟੀਕੇ ਸਰੀਰ ਦੀ ਸੁਰੱਖਿਆ ਪ੍ਰਨਾਲੀ ਨੂੰ ਕੁਝ ਲਾਗਾਂ ਦੇ ਟਾਕਰੇ ਲਈ ਸਰਗਰਮ ਕਰਦੇ ਹਨ। ਜੇ ਇਕ ਟੀਕਾਕਰਨ ਕੀਤਾ ਵਿਅਕਤੀ ਇਹਨਾਂ ਲਾਗਾਂ ਦੇ ਸੰਪਰਕ ਵਿਚ ਆਉਂਦਾ ਹੈ, ਤਾਂ, ਉਹਨਾਂ ਦੀ ਸਰੀਰਕ ਸੁਰੱਖਿਆ ਪ੍ਰਨਾਲੀ, ਬਿਮਾਰੀ ਨੂੰ ਰੋਕਣ ਜਾਂ ਇਸਦੀ ਤੀਬਰਤਾ ਨੂੰ ਘੱਟ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇ ਸਕਦੀ ਹੈ।

### ਸ: ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਟੀਕਾਕਰਨ ਕਿੰਨਾਂ ਅਸਰਦਾਰ ਹੈ ?

ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਟੀਕਾਕਰਨ ਦੀ ਸਿਰਫ ਇੱਕ ਖੁਰਾਕ ਮੈਨਿਨਗੋਕੋਕਲ ਦਿਆਂ ਇਹਨਾਂ ਚਾਰੇ ਕਿਸਮਾਂ ਦੇ ਖਿਲਾਫ ਬਹੁਤ ਅਸਰਦਾਰ ਹੈ। ਇਹ ਟੀਕਾਕਰਨ ਕਿਸਮ ਬੀ ਤੋਂ ਹੋਣ ਵਾਲੀ ਮੈਨਿਨਗੋਕੋਕਲ ਬਿਮਾਰੀ ਦੇ ਖਿਲਾਫ ਅਸਰਦਾਰ ਨਹੀ ਹੈ।

### ਸ: ਟੀਕਾਕਰਨ ਕਿਸ ਨੂੰ ਕਰਵਾਉਣਾ ਚਾਹੀਦਾ ਹੈ?

ਸੈਕੰਡਰੀ ਸਕੂਲ ਦੇ 10ਵੀਂ ਕਲਾਸ ਦੇ ਸਾਰੇ ਵਿਦਿਆਰਥੀਆਂ, ਅਤੇ 15–19 ਸਾਲ ਦੀ ਉਮਰ ਦੇ ਲੋਕ ਜੋ ਇੰਨਟੈਨਸਿਵ ਇੰਗਲਿਸ਼ ਸੈਂਟਰ ਜਾਂਦੇ ਹਨ, ਉਹਨਾਂ ਨੂੰ ਮੈਨਿਨਜ਼ੋਕੋਕਲ ਸੈਰੋਗਰੁੱਪ ਏ, ਸੀ, ਡਬਲਯੂ ਅਤੇ ਵਾਈ ਤੋਂ ਸੁਰੱਖਿਆ ਦੇ ਲਈ ਟੀਕਾ ਲਾਇਆ ਜਾਣਾ ਚਾਹੀਦਾ ਹੈ।

### ਸ: ਇਹ ਟੀਕਾਕਰਨ ਕਿਸਨੂੰ ਨਹੀਂ ਲਾਇਆ ਜਾਣਾ ਚਾਹੀਦਾ?

ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਟੀਕਾਕਰਨ ਉਹਨਾਂ ਲੋਕਾਂ ਨੂੰ ਨਹੀ ਦਿਤਾ ਜਾਣਾ ਚਾਹੀਦਾ ਜਿਹਨਾਂ ਨੂੰ ਪਹਿਲਾਂ ਐਨਾਫ਼ਾਈਲੈਕਸਿਸ ਹੋਇਆ ਹੈ:

- ਮੈਨਿਨਗੋਕੋਕਲ ਟੀਕਾਕਰਨ ਦੀ ਪਿਛਲੀ ਖੁਰਾਕ ਤੋਂ ਬਾਅਦ
- ਟੀਕਾਕਰਨ ਦੇ ਕਿਸੇ ਵੀ ਤਤ ਨੂੰ ਲੈਣ ਤੋਂ ਬਾਅਦ

ਜੋ ਲੋਕ ਡਿਪਥੀਰੀਆ ਟੋਕਸੋਏਡ ਤੋਂ ਸੰਵੇਦਨਸ਼ੀਲ ਹਨ, ਉਹਨਾਂ ਨੂੰ ਮੈਨਿਨਜ਼ੋਕੋਕਲ ਐ ਸੀ ਡਬਲਯੂ ਵਾਈ ਟੀਕਾਕਰਨ ਨਹੀਂ ਲਾਉਣਾ ਚਾਹੀਦਾ।

### ਸ: ਐਨਾਫ਼ਾਈਲੈਅਕਸਸ ਕੀ ਹੈ ?

ਐਨਾਫਾਈਲੈਕਸਿਸ ਇੱਕ ਗੰਭੀਰ ਲਰਜੀ ਵਾਲੀ ਪ੍ਰਤਿਕ੍ਰਿਆ ਹੈ ਜਿਸਦੇ ਨਤੀਜੇ ਵਜੋਂ ਬੇਹੋਸ਼ੀ ਅਤੇ ਮੌਤ ਹੋ ਸਕਦੀ ਹੈ ਜੇ ਉਸ ਦਾ ਫੌਰਨ ਇਲਾਜ ਨਹੀਂ ਕੀਤਾ ਜਾਂਦਾ।

ਇਹ ਕਿਸੇ ਵੀ ਟੀਕਾਕਰਨ ਲੱਗਣ ਕਾਰਨ ਬਹੁਤ ਹੀ ਘੱਟ ਹੁੰਦੀ ਹੈ। ਸਕੂਲ ਵਿੱਚ ਟੀਕਾਕਰਨ ਕਰਨ ਵਾਲੀਆਂ ਨਰਸਾਂ ਐਨਾਫ਼ਾਈਲੈਅਕਸਸ ਦੇ ਇਲਾਜ ਲਈ ਪੂਰਨ ਸਿਖਲਾਈ ਪ੍ਰਾਪਤ ਹੁੰਦਿਆਂ ਹਨ।

### ਸ: ਕੀ ਮੇਰੇ ਬੱਚੇ ਨੂੰ ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਦਾ ਵਿਰੋਧੀ ਟੀਕਾ ਪਹਿਲਾਂ ਨਹੀ ਹੋਇਆ ?

ਜੁਲਾਈ 2018 ਤੋਂ 12 ਮਹੀਨਿਆਂ ਦੀ ਉਮਰ ਦੇ ਬੱਚਿਆਂ ਲਈ ਮੈਨਿਨਜ਼ੋਕੋਕਲ ਏ ਸੀ ਡਬਲਯੂ ਵਾਈ ਦੇ ਟੀਕੇ ਨੂੰ ਰਾਸ਼ਟਰੀ ਟੀਕਾਕਰਣ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਗਿਆ ਹੈ। ਤੁਹਾਡੇ ਬੱਚੇ ਨੂੰ ਸ਼ਾਇਦ ਪਹਿਲਾਂ ਮੈਨਿਨਜ਼ੋਕੋਕਲ ਸੀ ਦੇ ਵਿਰੁਧ ਟੀਕਾ ਲੱਗਾ ਹੋਵੇ ਜੋ ਕੀ ਸਿਰਫ ਮੈਨਿਨਜ਼ੋਕੋਕਲ ਸੀ ਤੋਂ ਹੀ ਬਚਾਅ ਕਰਦਾ ਹੈ।

ਬਹੁਤ ਹੀ ਘੱਟ ਗਿਣਤੀ ਵਿੱਦਆਰਥੀਆਂ ਨੂੰ ਕੁਝ ਖਾਸ ਮੈਡੀਕਲ ਹਾਲਾਤ ਵਿੱਚ (ਜਿਵੇਂ ਕੀ ਤਿੱਲੀ ਜਾਂ ਇਮਿਊਨ ਦੀ ਘਾਟ) ਸ਼ਾਇਦ ਪਹਿਲਾਂ ਇਹ ਟੀਕਾ ਲੱਗਾ ਹੋਵੇ। ਜੇ ਇਸ ਤਰ੍ਹਾਂ ਹੈ, ਤਾਂ ਕਿਰਪਾ ਕਰਕੇ ਆਪਣੇ ਜੀ ਪੀ ਜਾਂ ਮਾਹਿਰ ਡਾਕਟਰ ਨਾਲ ਗੱਲ ਕਰੋ ਜੇਕਰ ਤੁਹਾਡੇ ਬੱਚੇ ਨੂੰ ਬੂਸਟਰ ਦੀ ਜ਼ਰੂਰਤ ਹੈ।

### ਸ: ਮੇਰੇ ਬੱਚੇ ਨੂੰ ਪਹਿਲਾਂ ਹੀ ਮੈਨਿਨਜ਼ੋਕੋਕਲ ਸੀ ਦਾ ਟੀਕਾ ਲੱਗ ਚੁੱਕਾ ਹੈ- ਕੀ ਮੈਨਿਨਜੋਕੋਕਲ ਐ ਸੀ ਡਬਲਯੂ ਵਾਈ ਦਾ ਟੀਕਾ ਲਗਾਉਣਾ ਸੁਰੱਖਿਅਤ ਹੈ ?

ਜਿਆਦਾਤਰ ਬੱਚਿਆਂ ਨੂੰ ਛੋਟੇ ਹੁੰਦਿਆਂ ਮੈਨਿਨਜ਼ੋਕੋਕਲ ਸੀ ਦੇ ਵਿਰੁਧ ਟੀਕਾ ਲੱਗਾ ਹੋਵੇਗਾ।

ਕੁਝ ਦੇਸ਼ਾਂ ਵਿੱਚ ਬਾਲਗ ਹੋਣ ਤੇ ਬੂਸਟਰ ਟੀਕਾ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਅਤੇ ਇਹ ਐ ਸੀ ਡਬਲਯੂ ਵਾਈ ਦਾ ਟੀਕਾ ਮੈਨਿਨਜ਼ੋਕੋਕਲ ਸੀ ਦੇ ਖਿਲਾਫ ਬੂਸਟਰ ਖੁਰਾਕ ਪ੍ਰਦਾਨ ਕਰਦਾ ਹੈ ਅਤੇ ਨਾਲ ਹੀ ਨਾਲ ਏ, ਡਬਲਯੂ ਅਤੇ ਵਾਈ ਦੇ ਵਿਰੁੱਧ ਵੀ ਸੁਰੱਖਿਆ ਪ੍ਰਦਾਨ ਕਰਦਾ ਹੈ। ਕੁਝ ਬੱਚਿਆ ਨੂੰ ਮੈਨਿਨਜ਼ੋਕੋਕਲ ਸੀ ਦੀ ਖੁਰਾਕ 2015 ਜਾਂ 2018 ਵਿੱਚ ਨੋ ਜੈਬ, ਨੋ ਪੇਅ (ਜੇ ਤੁਹਾਡੇ ਬੱਚੇ ਦੀ ਵੈਕਸਿਨ ਪੂਰੀ ਨਹੀਂ ਹੈ ਤਾਂ ਸਰਕਾਰ ਤੁਹਾਨੂੰ ਬੱਚਿਆਂ ਦੇ ਭੱਤੇ ਨਹੀਂ ਦੇਵੇਗੀ) ਦੇ ਅਧੀਨ ਮਿਲੀ ਹੋਣੀ ਹੈ। ਹੁਣ ਮੈਨਿਨਜ਼ੋਕੋਕਲ ਏ ਸੀ ਡਬਲਯੂ ਵਾਈ ਦਾ ਵਿਰੋਧੀ ਟੀਕਾਕਰਨ ਦੀ ਖੁਰਾਕ ਲੈਣੀ ਸੁਰੱਖਿਅਤ ਹੈ। ਹਰ ਕਿਸਮ ਦੇ ਖਿਲਾਫ ਪੂਰੀ ਸੁਰੱਖਿਆ ਲਈ ਹਰ ਖੁਰਾਕ ਵਿੱਚ ਚਾਰ ਹਫਤਿਆਂ ਦੇ ਅੰਤਰ ਨੂੰ ਤਰਜੀਹ ਦਿੱਤੀ ਜਾਂਦੀ ਹੈ।

### ਸ: ਇਸ ਟੀਕਾਕਰਨ ਦੇ ਲਈ ਹੋਰ ਸੰਕੇਤ ਕੀ ਹਨ ?

ਇਸ ਟੀਕਾਕਰਨ ਦੀ ਉਹਨਾਂ ਲੋਕਾਂ ਨੂੰ ਵੀ ਸਲਾਹ ਦਿਤੀ ਜਾਂਦੀ ਹੈ ਜੋ ਸਫ਼ਰ ਦੀ ਯੋਜਨਾਂ ਬਨਾਂ ਰਹੇ ਹਨ ਅਤੇ ਜਿਸ ਵਿੱਚ ਮੈਨਿਨਗੋਕੋਕਲ ਬਿਮਾਰੀ ਦੇ ਸੰਪਰਕ ਵਿੱਚ ਆਉਣ ਦਾ ਜਿਆਦਾ ਖਤਰਾ ਹੈ, ਇਸ ਵਿੱਚ ਹੱਜ ਵੀ ਸ਼ਾਮਲ ਹੈ।ਇਸ ਟੀਕਾਕਰਨ ਦੀ ਸਲਾਹ ਕੁਝ ਕੀਤਿਆਂ ਲਈ ਵੀ ਦਿਤੀ ਜਾਂਦੀ ਹੈ ਜਿਵੇਂ ਕੀ ਜੀਵਾਣੂ ਵਿਗਿਆਨ ਪ੍ਰਯੋਗਸ਼ਾਲਾ ਦਾ ਅਮਲਾ, ਅਤੇ ਕੁਝ ਖਾਸ ਮੈਡੀਕਲ ਹਾਲਾਤ ਵਾਲੇ ਲੋਕਾਂ ਲਈ ਜਿਵੇਂ ਕੇ ਤਿੱਲੀ ਦਾ ਨਾ ਹੋਣਾ।

### ਸ: ਮੈਨਿਨਜ਼ੋਕੋਕਲ ਏ ਸੀ ਡਬਲਯੂ ਵਾਈ ਦੇ ਟੀਕੇ ਦੇ ਵਿੱਚ ਕਿਹੜੇ- ਕਿਹੜੇ ਵਾਧੂ ਪਦਾਰਥ ਹੁੰਦੇ ਹਨ ?

ਟੀਕੇ ਦੇ ਵਿੱਚ ਟਰੋਮੇਟਾਮੋਲ, ਸੁਕਰੋਸ ਅਤੇ ਸੋਡੀਅਮ ਕਲੋਰਾਈਡ ਸ਼ਾਮਿਲ ਹੋ ਸਕਦੇ ਹਨ। ਵਾਧੂ ਪਦਾਰਥ ਟੀਕੇ ਦੇ ਤੱਤਾਂ ਵਿੱਚ ਬਹੁਤ ਥੋੜ੍ਹੀ ਮਾਤਰਾਵਾਂ ਵਿੱਚ ਸ਼ਾਮਲ ਕੀਤੇ ਜਾਂਦੇ ਹਨ ਤਾਂ ਜੋ ਉਹ ਟੀਕੇ ਦੇ ਤੱਤਾਂ ਦੇ ਕੰਮ ਵਿੱਚ ਮਦਦ ਕਰਨ ਜਾਂ ਇੱਕ ਰੱਖਿਅਕ ਵਾਂਗ ਕਿਰਿਆ ਕਰਨ।

### ਸ: ਟੀਕੇ ਕਿੰਨੇ ਕੁ ਸੁਰੱਖਿਅਤ ਹਨ ?

ਆਸਟਰੇਲੀਆ ਵਿੱਚ ਵਰਤੇ ਜਾਣ ਵਾਲੇ ਟੀਕੇ ਸੁਰੱਖਿਅਤ ਹਨ ਅਤੇ ਥੇਰਾਪਿਊਟਕ ਗੁਡਜ਼ ਐਡਮਿਨਿਸਟਰੇਸ਼ਨ (ਟੀ ਜੀ ਏ) ਵਲੋਂ ਪ੍ਰਵਾਨਤ ਹੋਣ ਤੋਂ ਪਹਿਲਾਂ ਸਖ਼ਤ ਸੁਰੱਖਿਆ ਪਰਖ ਨੂੰ ਪਾਸ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਟੀ ਜੀ ਏ ਵਰਤੋਂ ਵਿੱਚ ਆਉਣ ਤੇ ਟੀਕਿਆਂ ਦੀ ਸੁਰੱਖਿਆ ਲਈ ਨਿਗਰਾਨੀ ਰੱਖਦੀ ਹੈ।

### ਸ: ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਟੀਕਾਕਰਨ ਦੇ ਦੁਰ ਪ੍ਰਭਾਵ ਕੀ ਹਨ ?

ਇਸਦੇ ਦੁਰਪ੍ਰਭਾਵ ਅਕਸਰ ਹਲਕੇ ਹੁੰਦੇ ਹਨ ਅਤੇ ਸਧਾਰਣ ਤੌਰ ਤੇ ਬੁਖਾਰ, ਸਿਰ ਦਰਦ, ਚੱਕਰ ਆਉਣੇ ਜਾਂ ਦਰਦ, ਟੀਕੇ ਵਾਲੀ ਥਾਂ ਤੇ ਸੋਜ ਅਤੇ ਲਾਲੀ ਆਉਣਾ ਸ਼ਾਮਲ ਹੁੰਦੇ ਹਨ। ਟੀਕਾ ਵਾਲੀ ਥਾਂ ਦੇ ਪ੍ਰਤੀਕਰਮ ਆਮ ਤੌਰ ਤੇ 2-3 ਦਿਨਾਂ ਦੇ ਅੰਦਰ ਠੀਕ ਹੋ ਜਾਂਦੇ ਹਨ। ਗੰਭੀਰ ਮੰਦੇ ਅਸਰ ਬਹੁਤ ਹੀ ਘੱਟ ਹੁੰਦੇ ਹਨ।

www.health.nsw.gov.au/schoolvaccination ਤੋਂ ਉਪਲਬਧ ਟੀਕਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਧੇਰੇ ਜਾਣਕਾਰੀ ਉਪਭੋਗਤਾ ਦਵਾਈਆਂ ਦੀ ਜਾਣਕਾਰੀ (ਸੀ.ਐੱਮ.ਆਈ.) ਉਪਰ ਉਪਲਬਧ ਹੈ।

ਟੀਕਾਕਰਣ ਤੋਂ ਬਾਅਦ ਦੇ ਮਾੜੇ ਪ੍ਰਭਾਵਾਂ ਤੋਂ ਫਿਕਰਮੰਦ ਮਾਪਿਆਂ ਨੂੰ ਆਪਣੇ ਜੀ.ਪੀ. ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿਸਨੂੰ ਸਥਾਨਕ ਜਨਤਕ ਸਿਹਤ ਇਕਾਈ ਨੂੰ ਵੀ ਰਿਪੋਰਟ ਕਰਨੀ ਚਾਹੀਦੀ ਹੈ।

### ਸ: ਕੀ ਇਕ ਵਿਦਿਆਰਥਨ ਨੂੰ ਇਹ ਟੀਕਾ ਦਿੱਤਾ ਜਾਣਾ ਚਾਹੀਦਾ ਹੈ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ?

ਨਹੀਂ। ਕੋਈ ਵੀ ਵਿਦਿਆਰਥਨ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ਨੂੰ ਇਹ ਟੀਕਾ ਨਹੀਂ ਲਗਾਇਆ ਜਾਵੇਗਾ। ਦਵਾਖਾਨੇ ਦੇ ਦਿਨ ਟੀਕਾਕਰਨ ਦੇਣ ਵਾਲੀ ਨਰਸ ਵਿਦਿਆਰਥਣਾਂ ਤੋਂ ਉਹਨਾਂ ਦੇ ਗਰਭਵਤੀ ਹੋਣ ਜਾਂ ਗਰਭਵਤੀ ਹੋ ਸਕਣ ਵਾਰੇ ਪੁੱਛ-ਪੜਤਾਲ ਕਰੇਗੀ। ਜੇਕਰ ਵਿਦਿਆਰਥੀ ਇਸ ਸਵਾਲ ਦਾ ਜਵਾਬ ਹਾਂ ਵਿਚ ਦਿੰਦੀ ਹੈ, ਤੱਦ ਉਸਨੂੰ ਟੀਕਾਕਰਨ ਨਹੀਂ ਲਗਾਇਆ ਜਾਵੇਗਾ। ਵਿਦਿਆਰਥੀ ਨੂੰ ਛੇਤੀ ਤੋਂ ਛੇਤੀ ਆਪਣੇ ਮਾਪਿਆਂ / ਰੱਖਿਅਕ ਨਾਲ ਇਸ ਵਿਸ਼ੇ ਤੇ ਮਸ਼ਵਰਾ ਕਰਨ ਅਤੇ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਲਈ ਸਲਾਹ ਦਿੱਤੀ ਜਾਵੇਗੀ। ਉਸਨੂੰ ਇਕ ਸਿਹਤ ਫ਼ਰਮਾਇਸ਼ ਸੇਵਾ ਦੇ ਸੰਪਰਕ ਲਈ ਵੇਰਵਾ ਵੀ ਦਿੱਤਾ ਜਾਵੇਗਾ ਜੋ ਉਸਨੂੰ ਸਲਾਹ, ਮਦਦ ਅਤੇ ਅਗਵਾਈ ਦੇਵੇਗਾ।

### ਸ: ਜੇਕਰ ਮੇਰੇ ਬੱਚੇ ਨੂੰ ਦਮਾ ਹੈ ਅਤੇ ਉਹ ਕੋਰਟੀਸੋਨ ਜਾਂ ਪਰੈਡਨੀਸੋਨ ਇੱਕ ਪਫਰ ਰਾਹੀਂ ਲੈਂਦਾ ਹੈ ਤਾਂ ਕੀ ਹੋਵੇਗਾ ?

ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਟੀਕਾਕਰਨ ਕਿਸੇ ਵੀ ਵਿਅਕਤੀ ਜਿਸਨੂੰ ਦਮਾ ਹੋਵੇ ਸੁਰੱਖਿਅਤ ਤੌਰ ਤੇ ਦਿੱਤਾ ਜਾ ਸਕਦਾ ਹੈ ਭਾਵੇਂ ਇਸਦੇ ਕਿ ਉਹ ਕਿਹੜੀਆਂ ਵੀ ਦਵਾਈਆਂ ਲੈ ਰਹੇ ਹੋਣ।

### ਸ: ਜੇ ਮੇਰਾ ਬੱਚਾ ਬੀਮਾਰ ਹੋਵੇ ਜਾਂ ਨਰਸਾਂ ਦੇ ਸਕੂਲ ਆਉਣ ਵਾਲੇ ਦਿਨ ਸਕੂਲ ਤੋਂ ਗ਼ੈਰਹਾਜਰੀ ਕਾਰਨ ਟੀਕਾ ਨਾ ਲੈ ਸਕੇ ਤਾਂ ਮੈਂ ਕੀ ਕਰਾਂ ?

ਜੇਕਰ ਸਕੂਲ ਵਿੱਚ ਟੀਕਾਕਰਨ ਨਹੀਂ ਹੋ ਸਕਿਆ, ਤਾਂ ਜਲਦੀ ਤੋਂ ਜਲਦੀ ਇਹ ਕਰਵਾ ਲੈਣਾ ਚਾਹੀਦਾ ਹੈ। ਟੀਕਾਕਰਨ ਦਾ ਪ੍ਰਬੰਧ ਕਰਨ ਲਈ ਮਾਪਿਆਂ ਨੂੰ ਆਪਣੇ ਸਥਾਨਕ ਜੀ ਪੀ ਜਾਂ ਫਾਰਮਾਸਿਸਟ ਨਾਲ ਸੰਪਰਕ ਕਰਨਾ ਚਾਹੀਦਾ ਹੈ।

### ਸ: ਟੀਕਾਕਰਨ ਦੇ ਰਿਕਾਰਡ ਤੱਕ ਕਿਵੇਂ ਪਹੁੰਚ ਕਰ ਸਕਦਾ/ਸਕਦੀ ਹਾਂ?

ਤੁਹਾਡੇ ਬੱਚੇ ਦੇ ਟੀਕਾਕਰਨ ਬਾਰੇ ਜਾਣਕਾਰੀ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) ਵਿੱਚ ਅੱਪਲੋਡ ਕੀਤੀ ਜਾਵੇਗੀ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਬਿਓਰੇ ਨਾਲ ਜੋੜਿਆ ਜਾ ਸਕੇ।

ਮਾਪੇ ਆਪਣੇ ਬੱਚੇ ਦੀ 14 ਸਾਲ ਦੀ ਉਮਰ ਤੱਕ, ਕਿਸੇ ਵੀ ਸਮੇਂ ਆਪਣੇ ਬੱਚੇ ਦੇ ਏ ਆਈ ਆਰ ਇਮਯੂਨਾਈਜ਼ੇਸ਼ਨ ਹਿਸਟਰੀ ਸਟੇਟਮੈਂਟ ਦੀ ਕਾਪੀ ਲਈ ਬੇਨਤੀ ਕਰ ਸਕਦੇ ਹਨ, ਅਤੇ 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀ ਆਪਣੇ ਖੁਦ ਦੇ ਟੀਕਾਕਰਨ ਹਿਸਟਰੀ ਸਟੇਟਮੈਂਟ ਲਈ ਹੇਠ ਦਿਤੇ ਅਨੁਸਾਰ ਬੇਨਤੀ ਕਰ ਸਕਦੇ ਹਨ:

- ਮੈਡੀਕੇਅਰ ਔਨਲਾਈਨ ਖਾਤੇ ਦੀ myGov my.gov.au/ ਰਾਹੀਂ ਵਰਤੋਂ ਕਰਕੇ
- ਮੈਡੀਕੇਅਰ ਐਕਸਪ੍ਰੈਸ ਪਲੱਸ ਐਪ ਦੀ ਵਰਤੋਂ ਕਰਦੇ ਹੋਏ servicesaustralia.gov.au/express-plus-mobile-apps
- ਏ ਆਈ ਆਰ ਦੀ ਆਮ ਪੁੱਛਗਿੱਛ ਵਾਲੀ ਲਾਈਨ ਨੂੰ 1800 653 809 'ਤੇ ਫ਼ੋਨ ਕਰਕੇ।

### ਸ: ਮੇਰੇ ਬੱਚੇ ਦੀ ਜਾਣਕਾਰੀ ਨਾਲ ਕੀ ਹੋਵੇਗਾ ?

ਤੁਹਾਡੇ ਵਲੋਂ ਰਜ਼ਾਮੰਦੀ ਫ਼ਾਰਮ ਉਪਰ ਦਿੱਤੀ ਜਾਣਕਾਰੀ ਨੂੰ ਐਨ ਐਸ ਡਬਲਯੂ ਅਤੇ ਕਾਮਨਵੈਲਥ ਕਾਨੂੰਨ ਵਿੱਚ ਸਖਤ ਗੁਪਤ ਸੁਰੱਖਿਆਵਾਂ (ਨੱਥੀ ਕੀਤਾ ਗੋਪਨੀਯਤਾ ਬਾਰੇ ਬਿਆਨ ਦੇਖੋ) ਅਤੇ ਸਖਤੀ ਨਾਲ ਛਿਪਾ ਕੇ ਰੱਖਣ ਦੇ ਪ੍ਰਾਧੀਨ ਹੈ। ਜਾਣਕਾਰੀ ਨੂੰ ਐਨ ਐਸ ਡਬਲਯੂ ਹੈਲਥ ਟੀਕਾਕਰਣ ਰਜਿਸਟਰ ਵਿਚ ਦਾਖਲ ਕੀਤਾ ਜਾਵੇਗਾ ਅਤੇ ਫਿਰ ਆਸਟਰੇਲੀਆਈ ਟੀਕਾਕਰਨ ਰਜਿਸਟਰ (ਏ ਆਈ ਆਰ) ਉੱਤੇ ਅਪਲੋਡ ਕਰ ਦਿੱਤਾ ਜਾਵੇਗਾ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਦੇ ਰਿਕਾਰਡ ਨਾਲ ਜੋੜਿਆ ਜਾ ਸਕੇ ਤੇ MyGov ਤੇ ਦੇਖਿਆ ਜਾ ਸਕੇ।

### ਸ: ਸਕੂਲੀ ਟੀਕਾਕਰਨ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ ?

ਜ਼ਿਆਦਾ ਜਾਣਕਾਰੀ ਉਪਲੱਬਧ ਹੈ:

- ਐਨ ਐਸ ਡਬਲਯੂ ਹੈਲਥ ਦੀ ਵੈਬਸਾਈਟ www.health.nsw.gov.au/schoolvaccination 'ਤੇ ਜਾ ਕੇ
- ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਨਾਲ 1300 066 055 'ਤੇ ਸੰਪਰਕ ਕਰਕੇ

Punjabi

# ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਟੀਕਾਕਰਣ ਲਈ ਰਜ਼ਾਮੰਦੀ

ਮਾਪੇ ਜਾਂ ਰੱਖਵਾਲਾ ਪੂਰਾ ਕਰਨ। ਕਿਰਪਾ ਕਰਕੇ **ਕਾਲੀ** ਜਾਂ **ਨੀਲੀ** ਕਲਮ ਨਾਲ **ਵੱਡੇ** ਅੱਖਰਾਂ ਵਿੱਚ ਲਿਖੋ।

NSW GOVERNMENT

## 1. ਵਿਦਿਆਰਥੀ ਦਾ ਵੇਰਵਾ

ਗੋਤ

ਨਾਮ

ਜਨਮ ਮਿੱਤੀ __ __ / __ __ / 2 0 __ __

ਲਿੰਗ (ਮਰਦ/ਔਰਤ) ☐ ਮ ☐ ਅ ☐ ਅਨਿਸ਼ਚਿਤ/ ਅੰਤਰਲਿੰਗੀ/ ਅਣ-ਨਿਰਧਾਰਤ

ਕਲਾਸ

ਸਕੂਲ ਦਾ ਨਾਮ

ਮੈਡੀਕੇਅਰ ਨੰਬਰ

☐ ਆਪਣੇ ਬੱਚੇ ਦੇ ਨਾਮ ਨਾਲ ਉਸਦੇ ਮੈਡੀਕੇਅਰ ਕਾਰਡ ਦਾ ਨੰਬਰ ਵੀ ਲਿਖੋ

## 2. ਆਦਿਵਾਸੀ ਦਰਜਾ

☐ ਨਹੀਂ ☐ ਹਾਂ, ਐਬਉਰੀਜ਼ਨਲ ☐ ਹਾਂ, ਟੌਰਿਸ ਸਟਰੇਟ ਆਈਲੈਂਡਰ ☐ ਹਾਂ, ਦੋਵੇਂ ਐਬਉਰੀਜ਼ਨਲ ਅਤੇ ਟੌਰਿਸ ਸਟੇਟ ਆਈਲੈਂਡਰ

## 3. ਤੁਹਾਡਾ ਵੇਰਵਾ – ਮਾਪੇ ਜਾਂ ਕਾਨੂੰਨਨ ਰੱਖਵਾਲਾ

ਮੈਂ ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਦੇ ਟੀਕੇ ਦੇ ਫ਼ਾਇਦੇ ਅਤੇ ਸੰਭਵ ਨੁਕਸਾਨਾਂ ਬਾਬਤ ਦਿੱਤੀ ਜਾਣਕਾਰੀ ਪੜ੍ਹੀ ਅਤੇ ਸਮਝ ਲਈ ਹੈ।

ਮੈ ਇੱਥੇ ਆਪਣੇ, ਉਪਰ ਦਿੱਤੇ ਨਾਮ ਵਾਲੇ, ਬੱਚੇ ਨੂੰ ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਦੇ ਟੀਕੇ ਦੀ ਇਕ ਖੁਰਾਕ ਦੇਣ ਲਈ ਰਜ਼ਾਮੰਦੀ ਦਿੰਦਾ ਹਾਂ।

ਮੈਂ ਆਪਣੀ ਪੂਰੀ ਜਾਣਕਾਰੀ ਮੁਤਾਬਿਕ ਘੋਸ਼ਿਤ ਕਰਦਾ/ਕਰਦੀ ਹਾਂ, ਕਿ ਮੇਰੇ ਬੱਚੇ ਨੂੰ:

1. ਕਿੱਸੇ ਵੀ ਟੀਕੇ ਦੀ ਐਨਾਫ਼ਾਈਲੈਕਟਿਕ ਅਨੁਕ੍ਰਿਆ ਕਦੇ ਨਹੀਂ ਹੋਈ।
2. ਟੀਕੇ ਦੇ ਕਿੱਸੇ ਵੀ ਤੱਤ ਜੋ ਕਿ ਮਾਤਾ-ਪਿਤਾ ਲਈ ਜਾਣਕਾਰੀ ਵਾਲੀ ਪੱਤ੍ਰੀ ਵਿੱਚ ਸੂਚੀਬੱਧ ਹਨ, ਤੋਂ ਐਨਾਫ਼ਾਈਲੈਕਟਿਕ ਸੰਵੇਦਨਸ਼ੀਲਤਾ ਨਹੀਂ ਹੈ।
3. ਗਰਭਵਤੀ ਨਹੀਂ ਹੈ।

ਮਾਪੇ ਜਾਂ ਰੱਖਵਾਲੇ ਦਾ ਨਾਮ (ਜਿਵੇਂ ਕਿ, JOHN SMITH)

ਘਰ ਦਾ ਪਤਾ (ਜਿਵੇਂ ਕਿ, 5 SMITH LANE)

ਸਬਰਬ

ਪੋਸਟਕੋਡ ਨੰਬਰ

ਮੋਬਾਇਲ ਨੰਬਰ

ਉੱਤਮ ਵਕਿਲਪੀ ਜਾਂ ਦੂਸਰਾ ਨੰਬਰ (ਏਰੀਆ ਕੋਡ ਸਮੇਤ ਜਿਵੇਂ ਕਿ, 02)

ਈਮੇਲ ਪਤਾ

ਮਾਪੇ/ਰੱਖਵਾਲੇ ਦੇ ਦਸਤਖਤ ✕

ਤਿੱਥੀ __ __ / __ __ / 2 0 __ __

ਸਿਰਫ਼ ਉਦਾਹਰਣ
ਕਿਰਪਾ ਕਰਕੇ ਆਨਲਾਈਨ ਜ਼ਾਰੀ
ਰਜ਼ਾਮੰਦੀ ਫ਼ਾਰਮ ਪੂਰਾ ਕਰੋ।

NSW GOVERNMENT

230688-2-18

## ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਦੇ ਟੀਕੇ ਦਾ ਉਲੇਖ

✍ ਮਾਪੇ ਜਾਂ ਰੱਖਵਾਲਾ ਪੂਰਾ ਕਰਨ (ਇਹ ਵੇਰਵੇ ਮੈਡੀਕੇਅਰ ਕਾਰਡ 'ਤੇ ਦਰਸਾਏ ਵੇਰਵਿਆਂ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ)

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JANE SMITH)

ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

**ਬਾਂਹ** ☐ ਖੱਬੀ ☐ ਸੱਜੀ

ਟੀਕਾ ਲਗਾਉਣ ਦਾ ਸਮਾਂ (24 ਘੰਟੇ) ___ : ___

ਟੀਕੇ ਦਾ ਘਾਣ (ਬੈਚ) ਨੰਬਰ

ਨਰਸ (ਦਾਈ) ਦੇ ਦਸਤਖ਼ਤ ✕

ਤਿੱਥੀ ___ / ___ / 2 0 ___

**ਨਰਸ ਦੀਆਂ ਟਿੱਪਣੀਆਂ**

ਟੀਕਾ ਨਾ ਲੱਗਣ ਦੇ ਕਾਰਨ

- ☐ ਗ਼ੈਰਹਾਜਰ
- ☐ ਮਨ੍ਹਾ ਕੀਤਾ ਗਿਆ'd
- ☐ ਠੀਕ ਨਹੀਂ
- ☐ ਦਸਤਖ਼ਤ ਨਹੀਂ
- ☐ ਰਜ਼ਾਮੰਦੀ ਵਾਪਸ ਲੈ ਲਈ
- ☐ ਹੋਰ

## **ਮਾਪੇ / ਰੱਖਿਅਕ** ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਦੇ ਟੀਕੇ ਦਾ ਉਲੇਖ

### ਮੈਨਿਨਗੋਕੋਕਲ ਐ ਸੀ ਡਬਲਯੂ ਵਾਈ ਦੇ ਟੀਕੇ ਦਾ ਉਲੇਖ

✍ ਮਾਪੇ ਜਾਂ ਰੱਖਵਾਲਾ ਪੂਰਾ ਕਰਨ

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JANE SMITH)

ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

**ਬਾਂਹ** ☐ ਖੱਬੀ ☐ ਸੱਜੀ

ਟੀਕਾ ਲਗਾਉਣ ਦਾ ਸਮਾਂ (24 ਘੰਟੇ) ___ : ___

ਟੀਕੇ ਦਾ ਘਾਣ (ਬੈਚ) ਨੰਬਰ

ਨਰਸ (ਦਾਈ) ਦੇ ਦਸਤਖ਼ਤ ✕

ਤਿੱਥੀ ___ / ___ / ___

### ਟੀਕਾ ਲਗਵਾਉਣ ਤੋਂ ਬਾਅਦ ਕੀ ਕਰਨਾ ਹੈ

- ਇਸ ਰਿਕਾਰਡ ਨੂੰ ਰੱਖੋ, ਕਿਉਂਕਿ ਤੁਹਾਨੂੰ ਇਹ ਜਾਣਕਾਰੀ ਬਾਅਦ ਵਿੱਚ ਮੁਹੱਈਆ ਕਰਾਨੀ ਪੈ ਸਕਦੀ ਹੈ।
- ਤੁਹਾਡੇ ਬੱਚੇ ਦੇ ਟੀਕਿਆਂ ਬਾਰੇ ਜਾਣਕਾਰੀ ਆਪਣੇ ਆਪ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) 'ਤੇ ਅੱਪਲੋਡ ਕੀਤੀ ਜਾਵੇਗੀ। ਤੁਸੀਂ ਆਪਣੇ ਜੀ.ਪੀ ਨੂੰ ਟੀਕਾਕਰਨ ਦੀ ਮਿਤੀ ਬਾਰੇ ਅੱਪਡੇਟ ਕਰਨਾ ਪਸੰਦ ਕਰ ਸਕਦੇ ਹੋ।

### ਜੇਕਰ ਟੀਕੇ ਵਾਲੀ ਥਾਂ 'ਤੇ ਸਥਾਨਕ ਪ੍ਰਤੀਕਿਰਿਆ ਹੁੰਦੀ ਹੈ ਤਾਂ ਕੀ ਕਰਨਾ ਹੈ?

- ਦਰਦ ਤੋਂ ਅਰਾਮ ਲਈ ਟੀਕੇ ਦੀ ਜਗਾ ਉਤੇ ਇੱਕ ਠੰਡਾ ਗਿੱਲਾ ਕੱਪੜਾ ਰਖੋ।
- ਦਰਦ ਲਈ ਪੈਰਾਸੈਟਾਮੋਲ ਲਉ।
- ਵਾਧੂ ਤਰਲ ਪਦਾਰਥ ਪੀਓ।

**ਜੇਕਰ ਤੁਸੀਂ ਆਪਣੇ ਬੱਚੇ ਦੀ ਅਨੁਕਿਰਿਆ ਭੋਗਣ ਬਾਬਤ ਚਿੰਤਤ ਹੋ ਤਾਂ ਆਪਣੇ ਨਿੱਜੀ ਡਾਕਟਰ ਨਾਲ ਸੰਪਰਕ ਕਰੋ।**

NSW GOVERNMENT

ਸਿਰਫ ਉਦਾਹਰਣ ਲਈ
ਕਿਰਪਾ ਕਰਕੇ ਅੰਗਰੇਜ਼ੀ ਰਜ਼ਾਮੰਦੀ ਫ਼ਾਰਮ ਦੀ ਵਰਤੋਂ ਕਰੋ।